ਪੁਲਿਸ ਵਿਭਾਗ | ਕਮਿਸ਼ਨਰੇਟ ਜਲੰਧਰ

## ਵਹੀਕਲਾਂ ਦੀ ਨਿਲਾਮੀ ਦਾ ਇਸ਼ਤੇਹਾਰ

ਨੰਬਰ : 68196 ਮਿਤੀ : 10.06.2026

ਪੁਲਿਸ ਵਿਭਾਗ ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਸਾਲ-2013 ਤੋਂ ਸਾਲ-2020 ਤੱਕ ਦੇ ਅ/ਧ 207 ਮੋਟਰ ਵਹੀਕਲ ਐਕਟ ਦੇ ਕੁੱਲ 52 ਵਹੀਕਲਾਂ ਦੀ ਨਿਲਾਮੀ ਖੁੱਲੀ ਬੋਲੀ ਰਾਹੀਂ ਨਿਰਧਾਰਿਤ ਨਿਲਾਮੀ ਕਮੇਟੀ ਵੱਲੋਂ **ਮਿਤੀ 17 /06/2026 ਨੂੰ ਸਮਾਂ 12.00 ਵਜੇ ਸਵੇਰ ਹਾਕੀ ਗਰਾਂਉਡ, ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ** ਵਿੱਖੇ ਕਰਵਾਈ ਜਾਣੀ ਹੈ। ਇਹ ਨਿਲਾਮ ਹੋਣ ਵਾਲੇ ਵਹੀਕਲ ਇਸ ਸਮੇਂ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਖੜ੍ਹੇ ਹਨ। ਹਰ ਕੋਈ ਵਿਅਕਤੀ ਜੋ ਬੋਲੀ ਦੇਣ ਦਾ ਇਛੁੱਕ ਹੈ। ਉਹ ਬੋਲੀ ਵਿੱਚ ਹਿੱਸਾ ਲੈ ਸਕਦਾ ਹੈ।ਇਹਨਾਂ ਵਹੀਕਲਾਂ ਨੂੰ ਹਰ ਕੋਈ ਬੋਲੀਕਾਰ ਬੋਲੀ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਹਾਜਰ ਆ ਕੇ ਆਪ ਖੁਦ ਵੇਖ ਸਕਦਾ ਹੈ। ਇਹ ਵਹੀਕਲ ਜਿਸ ਜਗ੍ਹਾ ਪਰ ਖੜ੍ਹੇ ਹਨ, ਉਸ ਜਗ੍ਹਾ ਪਰ ਹੀ ਵੇਖਣੇ ਪੈਣਗੇ ਅਤੇ ਜਿਸ ਹਲਾਤ ਵਿੱਚ ਹਨ, ਉਸ ਹਲਾਤ ਵਿੱਚ ਹੀ ਨਿਲਾਮ ਕੀਤੇ ਜਾਣਗੇ ਅਤੇ ਇਹ ਵਹੀਕਲ ਉਸ ਜਗ੍ਹਾ ਤੋਂ ਹੀ ਚੁਕਵਾਏ ਜਾਣਗੇ। ਸਫਲ ਬੋਲੀਕਾਰ ਵੱਲੋਂ ਦਿੱਤੀ ਗਈ ਬੋਲੀ ਦਾ ਬਣਦਾ 18% GST ਵੱਖਰਾ ਦੇਣਾ ਪਵੇਗਾ। ਇਸ ਤੋਂ ਇਲਾਵਾ ਬੋਲੀ ਵਿੱਚ ਭਾਗ ਲੈਣ ਵਾਲੇ ਹਰ ਵਿਅਕਤੀ ਨੂੰ ਰਕਮ 50,000/-ਰੁਪਏ ਬਤੌਰ ਜਮਾਨਤ/ਸਕਿਉਰਟੀ ਬੋਲੀ ਦੇਣ ਤੋਂ ਪਹਿਲਾਂ ਨਗਦ ਜਮ੍ਹਾਂ ਕਰਵਾਉਣੀ ਹੋਵੇਗੀ। ਸਫਲ ਬੋਲੀਕਾਰ ਨੂੰ ਖਰੀਦ ਕੀਤੇ ਮਾਲ ਦਾ ¼ ਹਿੱਸਾ ਰਕਮ ਮੌਕਾ ਪਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਬਾਕੀ ਦੀ ¾ ਰਕਮ 07 ਦਿਨ ਦੇ ਅੰਦਰ-ਅੰਦਰ ਕਮੇਟੀ ਵੱਲੋਂ ਮੁਹੱਈਆ ਕਰਾਏ ਬੈਂਕ ਖਾਤਾ ਨੰਬਰ ਵਿੱਚ ਜਮ੍ਹਾਂ ਕਰਵਾਉਣੀ ਹੋਵੇਗੀ। ਨਿਲਾਮ ਹੋਏ ਵਹੀਕਲਾਂ ਦੀ ਗਿਣਤੀ ਕਮੇਟੀ ਵੱਲੋਂ ਆਖਰੀ ਫੈਸਲੇ ਦੋਰਾਨ ਘਟਾਈ-ਵਧਾਈ ਜਾ ਸਕਦੀ ਹੈ। ਬਾਕੀ ਦੀਆਂ ਸ਼ਰਤਾਂ ਕਮੇਟੀ ਵੱਲੋਂ ਮੌਕਾ ਪਰ ਦੱਸੀਆਂ ਜਾਣਗੀਆਂ। ਇਹਨਾਂ ਵਹੀਕਲਾਂ ਦਾ ਵੇਰਵਾ ਅਤੇ ਨਿਲਾਮੀ ਸਬੰਧੀ ਸ਼ਰਤਾਂ ਦਾ ਮੁੰਕਮਲ ਵੇਰਵਾ ਕਮਿਸ਼ਨਰੇਟ ਪੁਲਿਸ ਜਲੰਧਰ ਦੀ ਵੈਬਸਾਇਟ http://jalandharcity.punjabpolice.gov.in/ ਪਰ ਵੀ ਉਪਲੱਬਧ ਹੈ।

ਡਿਪਟੀ ਕਮਿਸ਼ਨਰ ਪੁਲਿਸ,
ਇੰਨਵੈਸਟੀਗੇਸ਼ਨ, ਜਲੰਧਰ।
ਵਾਸਤੇ/ਕਮਿਸ਼ਨਰ ਪੁਲਿਸ, ਜਲੰਧਰ।

ਪੁਲਿਸ ਵਿਭਾਗ                                                                 ਕਮਿਸ਼ਨਰੇਟ ਜਲੰਧਰ

## ਵਹੀਕਲਾਂ ਦੀ ਨਿਲਾਮੀ ਦਾ ਇਸ਼ਤੇਹਾਰ

ਨੰਬਰ : 68197 ਮਿਤੀ : 10.06.2026

ਪੁਲਿਸ ਵਿਭਾਗ ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਸਾਲ-2013 ਤੋਂ ਸਾਲ-2020 ਤੱਕ ਦੇ ਅ/ਧ 207 ਮੋਟਰ ਵਹੀਕਲ ਐਕਟ ਦੇ ਕੁੱਲ 52 ਵਹੀਕਲਾਂ ਦੀ ਨਿਲਾਮੀ ਖੁੱਲੀ ਬੋਲੀ ਰਾਹੀਂ ਨਿਰਧਾਰਿਤ ਨਿਲਾਮੀ ਕਮੇਟੀ ਵੱਲੋਂ ਮਿਤੀ 17/06/2026 ਨੂੰ ਸਮਾਂ 12.00 ਵਜੇ ਸਵੇਰ ਹਾਕੀ ਗਰਾਂਉਡ, ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਵਿੱਖੇ ਕਰਵਾਈ ਜਾਣੀ ਹੈ। ਇਹ ਨਿਲਾਮ ਹੋਣ ਵਾਲੇ ਵਹੀਕਲ ਇਸ ਸਮੇਂ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਖੜ੍ਹੇ ਹਨ। ਹਰ ਕੋਈ ਵਿਅਕਤੀ ਜੋ ਬੋਲੀ ਦੇਣ ਦਾ ਇਛੁੱਕ ਹੈ। ਉਹ ਬੋਲੀ ਵਿੱਚ ਹਿੱਸਾ ਲੈ ਸ਼ਕਦਾ ਹੈ।ਇਹਨਾਂ ਵਹੀਕਲਾਂ ਨੂੰ ਹਰ ਕੋਈ ਬੋਲੀਕਾਰ ਬੋਲੀ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਹਾਜਰ ਆ ਕੇ ਆਪ ਖੁਦ ਵੇਖ ਸਕਦਾ ਹੈ। ਇਹ ਵਹੀਕਲ ਜਿਸ ਜਗ੍ਹਾ ਪਰ ਖੜ੍ਹੇ ਹਨ, ਉਸ ਜਗ੍ਹਾ ਪਰ ਹੀ ਵੇਖਣੇ ਪੈਣਗੇ ਅਤੇ ਜਿਸ ਹਲਾਤ ਵਿੱਚ ਹਨ, ਉਸ ਹਲਾਤ ਵਿੱਚ ਹੀ ਨਿਲਾਮ ਕੀਤੇ ਜਾਣਗੇ ਅਤੇ ਇਹ ਵਹੀਕਲ ਉਸ ਜਗ੍ਹਾ ਤੋਂ ਹੀ ਚੁਕਵਾਏ ਜਾਣਗੇ। ਸਫਲ ਬੋਲੀਕਾਰ ਵੱਲੋਂ ਦਿੱਤੀ ਗਈ ਬੋਲੀ ਦਾ ਬੇਣਦਾ 18% GST ਵੱਖਰਾ ਦੇਣਾ ਪਵੇਗਾ। ਇਸ ਤੋਂ ਇਲਾਵਾ ਬੋਲੀ ਵਿੱਚ ਭਾਗ ਲੈਣ ਵਾਲੇ ਹਰ ਵਿਅਕਤੀ ਨੂੰ ਰਕਮ 50,000/-ਰੁਪਏ ਬਤੌਰ ਜਮਾਨਤ/ਸਕਿਉਰਟੀ ਬੋਲੀ ਦੇਣ ਤੋਂ ਪਹਿਲਾਂ ਨਗਦ ਜਮ੍ਹਾਂ ਕਰਵਾਉਣੀ ਹੋਵੇਗੀ। ਸਫਲ ਬੋਲੀਕਾਰ ਨੂੰ ਖਰੀਦ ਕੀਤੇ ਮਾਲ ਦਾ ¼ ਹਿੱਸਾ ਰਕਮ ਮੌਕਾ ਪਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਬਾਕੀ ਦੀ ¾ ਰਕਮ 07 ਦਿਨ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ। ਨਿਲਾਮ ਹੋਏ ਵਹੀਕਲਾਂ ਦੀ ਗਿਣਤੀ ਕਮੇਟੀ ਵੱਲੋਂ ਆਖਰੀ ਫੈਸਲੇ ਦੌਰਾਨ ਘਟਾਈ-ਵਧਾਈ ਜਾ ਸਕਦੀ ਹੈ। ਬਾਕੀ ਦੀਆਂ ਸ਼ਰਤਾਂ ਕਮੇਟੀ ਵੱਲੋਂ ਮੌਕਾ ਪਰ ਦੱਸੀਆਂ ਜਾਣਗੀਆਂ। ਇਹਨਾਂ ਵਹੀਕਲਾਂ ਦਾ ਵੇਰਵਾ ਅਤੇ ਨਿਲਾਮੀ ਸਬੰਧੀ ਸ਼ਰਤਾਂ ਦਾ ਮੁੰਕਮਲ ਵੇਰਵਾ ਕਮਿਸ਼ਨਰੇਟ ਪੁਲਿਸ ਜਲੰਧਰ ਦੀ ਵੈਬਸਾਇਟ http://jalandharcity.punjabpolice.gov.in/ ਪਰ ਵੀ ਉਪਲੱਬਧ ਹੈ। ਨਿਲਾਮੀ ਸ਼ਰਤਾਂ ਦਾ ਵੇਰਵਾ ਹੇਠ ਲਿੱਖੇ ਅਨੁਸਾਰ ਹੈ :

1. ਇਹਨਾਂ ਵਹੀਕਲਾਂ ਨੂੰ "AS IS, WHERE IS & WHAT IS BASIS" ਦੇ ਅਧਾਰ ਤੇ ਨਿਲਾਮੀ ਕੀਤਾ ਜਾਵੇਗਾ।
2. ਬੋਲੀ ਵਿੱਚ ਭਾਗ ਲੈਣ ਆਏ ਹਰ ਇੱਕ ਬੋਲੀਕਾਰ ਨੂੰ ਰਕਮ 50,000/-ਰੁਪਏ ਬਤੌਰ ਜਮਾਨਤ ਬੋਲੀ ਦੇਣ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਪਵੇਗੀ।
3. ਬੋਲੀਕਾਰਾਂ ਦੀ ਜਮਾਨਤ/ਸਕਿਉਰਟੀ ਰਕਮ ਬੋਲੀ ਦੀ ਮਿਤੀ ਵਾਲੇ ਦਿਨ ਨਿਰਧਾਰਿਤ ਸਮੇਂ ਤੋਂ 02 ਘੰਟੇ ਪਹਿਲਾਂ ਤੱਕ ਹੀ ਜਮ੍ਹਾਂ ਕੀਤੀ ਜਾਵੇਗੀ।
4. ਇਹ ਨਿਲਾਮ ਹੋਣ ਵਾਲੇ ਵਹੀਕਲਾਂ ਦੀ ਬੋਲੀ ਰਿਜਰਵ ਕੀਮਤ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਰਿਜਰਵ ਕੀਮਤ ਤੋਂ ਘੱਟ ਕੋਈ ਵੀ ਵਹੀਕਲ ਨਿਲਾਮ ਨਹੀ ਹੋਵੇਗਾ।
5. ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕਰਾਈ ਗਈ ਜਮਾਨਤ ਰਕਮ ਬੋਲੀਕਾਰ ਵੱਲੋਂ ਖਰੀਦ ਕੀਤੇ ਗਏ ਵਹੀਕਲਾਂ ਦੀ ਕੀਮਤ ਵਿੱਚ ਅਡਜਸਟ ਕੀਤੀ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਨੂੰ ਜਮਾਨਤ ਦੀ ਰਕਮ ਬੋਲੀ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
6. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ ¼ ਹਿੱਸਾ ਮੌਕਾ ਪਰ ਹੀ ਜਮ੍ਹਾਂ ਕਰਾਉਣਾ ਪਵੇਗਾ ਅਤੇ ਬਾਕੀ ¾ ਰਕਮ 07 ਦਿਨ ਦੇ ਅੰਦਰ-ਅੰਦਰ ਕਮੇਟੀ ਵੱਲੋਂ ਮੁਹੱਈਆ ਕਰਾਏ ਬੈਂਕ ਖਾਤਾ ਨੰਬਰ ਵਿੱਚ ਜਮ੍ਹਾਂ ਕਰਵਾਉਣੀ ਪਵੇਗੀ।
7. ਸਫਲ ਬੋਲੀਕਾਰ ਵੱਲੋਂ ਜੇਕਰ ਬਾਕੀ ਰਹਿੰਦੀ ਰਕਮ ¾ ਹਿੱਸਾ ਨਿਰਧਾਰਿਤ ਸਮੇਂ ਅੰਦਰ ਜਮ੍ਹਾਂ ਨਹੀ ਕਰਾਈ ਜਾਂਦੀ ਹੈ ਤਾਂ ਉਸ ਬੋਲੀਕਾਰ ਵੱਲੋਂ ਬੋਲੀ ਸਮੇਂ ਬਤੌਰ ਜਮਾਨਤ/ਸਕਿਉਰਟੀ ਜਮ੍ਹਾਂ ਕਰਾਈ ਰਕਮ 50,000/- ਰੁਪਏ ਅਤੇ ¼ ਹਿੱਸਾ ਰਕਮ ਨੂੰ ਜਬਤ ਕਰਕੇ ਸਰਕਾਰ ਦੇ ਖਾਤਾ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਇਸ

ਰਕਮ ਪਰ ਬਾਅਦ ਵਿੱਚ ਬੋਲੀਕਾਰ ਦਾ ਕੋਈ ਅਧਿਕਾਰ ਨਹੀ ਹੋਵੇਗਾ ਅਤੇ ਬਾਅਦ ਵਿੱਚ ਉਸ ਵੱਲੋਂ ਕੀਤਾ ਗਿਆ ਕਲੇਮ ਮੰਨਣਯੋਗ ਨਹੀ ਹੋਵੇਗਾ।

8. ਅਗਰ ਸਫਲ ਬੋਲੀਕਾਰ ਮਿੱਥੇ ਸਮੇਂ ਅੰਦਰ-ਅੰਦਰ ਬਣਦੀ ਰਕਮ ਸਮੇਤ 18% GST ਦੀ ਰਸੀਦ ਜਮ੍ਹਾਂ ਨਹੀ ਕਰਵਾਂਉਦਾ ਹੈ ਤਾਂ ਉਸ ਲਾਟ ਦੀ ਬੋਲੀ ਰੱਦ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਬੋਲੀ ਦੁਬਾਰਾ ਨਿਯਮਾਂ ਅਨੁਸਾਰ ਕਰਵਾਈ ਜਾਵੇਗੀ ਅਤੇ ਇਸ ਲਾਟ ਦੇ ਨੰਬਰ 2 ਬੋਲੀਕਾਰ ਦਾ ਕੋਈ ਹੱਕ ਨਹੀ ਹੋਵੇਗਾ।
9. ਬੋਲੀਕਾਰ ਨੂੰ ਖੁੱਲੀ ਬੋਲੀ ਵਿੱਚ ਸ਼ਾਮਲ ਹੋਣ ਲਈ ਖੁਦ ਦੇ ਖਰਚੇ ਤੇ ਆਉਣਾ ਹੋਵੇਗਾ ਅਤੇ ਉਹ ਅਜਿਹਾ ਖਰਚਾ ਕਲੇਮ ਕਰਨ ਦਾ ਅਧਿਕਾਰੀ ਨਹੀ ਹੋਵੇਗਾ।
10. ਸਫਲ ਬੋਲੀਕਾਰ ਵਹੀਕਲਾਂ ਦੀ ਸਾਰੀ ਬਣਦੀ ਰਕਮ ਅਤੇ 18% GST ਅਦਾ ਕਰਨ ਤੋਂ ਬਾਅਦ 07 ਦਿਨਾਂ ਦੇ ਅੰਦਰ-ਅੰਦਰ ਵਹੀਕਲ ਲੈ ਕੇ ਜਾਣ ਦਾ ਪਾਬੰਦ ਹੋਵੇਗਾ। ਸਫਲ ਬੋਲੀਕਾਰ ਖਰੀਦ ਕੀਤੇ ਵਹੀਕਲਾਂ ਨੂੰ ਲੈ ਕੇ ਜਾਣ ਦਾ ਖਰਚਾ ਵੀ ਆਪ ਕਰੇਗਾ।
11. ਸਫਲ ਬੋਲੀਕਾਰ ਵੱਲੋਂ ਸਾਰੀ ਬਣਦੀ ਰਕਮ ਦਾ ਭੁਗਤਾਨ ਕਰਨ ਤੋਂ ਬਾਅਦ ਹੀ ਇਹ ਨਿਲਾਮ ਵਹੀਕਲ ਉਸ ਦੇ ਹਵਾਲੇ ਕੀਤੇ ਜਾਣਗੇ।
12. ਇਹ ਵੀ ਸਪਸ਼ੱਟ ਕੀਤਾ ਜਾਂਦਾ ਹੈ ਕਿ ਇਸ ਬੋਲੀ ਵਿੱਚ ਨਿਲਾਮ ਸਾਰੇ ਵਹੀਕਲ ਸਕਰੈਪ ਵਿੱਚ ਨਿਪਟਾਏ ਜਾ ਰਹੇ ਹਨ ਅਤੇ ਇਹਨਾਂ ਸਾਰੇ ਵਹੀਕਲਾਂ ਨੂੰ ਦੁਬਾਰਾ ਸ਼ੜ੍ਹਕ ਤੇ ਚੱਲਣ ਦਾ ਅਧਿਕਾਰ ਨਹੀ ਹੋਵੇਗਾ।
13. ਸਫਲ ਬੋਲੀਕਾਰ ਨੂੰ ਬੋਲੀ ਦੀ ਕੀਮਤ ਦਾ ਬਾਕੀ ਬੱਚਦਾ ਹਿੱਸਾ ਡੀਮਾਂਡ ਡਰਾਫਟ "IN FAVOUR OF COMMISSIONER OF POLICE, JALANDHAR" ਰਾਂਹੀ ਬੋਲੀ ਤੋਂ 07 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ। ਸਫਲ ਬੋਲੀਕਾਰ ਵੱਲੋਂ ਜੇਕਰ ਬੋਲੀ ਦੀ ਕੁੱਲ ਰਕਮ 07 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਨਹੀ ਕਰਾਈ ਗਈ ਤਾਂ ਉਸ ਵੱਲੋਂ ਬੋਲੀ ਸਮੇਂ ਬਤੌਰ ਜਮਾਨਤ ਜਮ੍ਹਾਂ ਕਰਵਾਈ ਰਕਮ ਅਤੇ ¼ ਹਿੱਸਾ ਰਕਮ ਨੂੰ ਜਬਤ ਕਰ ਲਿਆ ਜਾਵੇਗਾ ਅਤੇ ਬੋਲੀਕਾਰ ਨੂੰ ਉਕਤ ਰਕਮ ਵਾਪਸ ਲੈਣ ਦਾ ਕੋਈ ਅਧਿਕਾਰ ਨਹੀ ਹੋਵੇਗਾ।
14. ਜੋ ਵਿਅਕਤੀ ਇਸ ਖੁੱਲੀ ਬੋਲੀ ਵਿੱਚ ਭਾਗ ਲੈਣ ਚਾਂਹੁੰਦਾ ਹੈ ਅਤੇ ਜਿਹਨਾਂ ਵਹੀਕਲਾਂ ਦੀ ਨਿਲਾਮੀ ਕੀਤੀ ਜਾਣੀ ਹੈ, ਨੂੰ ਨਿੱਜੀ ਤੌਰ ਤੇ ਟਰੈਫਿਕ ਪੁਲਿਸ ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਜਾ ਕੇ ਵੇਖ ਸਕਦਾ ਹੈ ਅਤੇ ਬੋਲੀ ਪ੍ਰਕਿਰਿਆ ਮੁੰਕਮਲ ਹੋਣ ਤੋਂ ਬਾਅਦ ਕੋਈ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਨਹੀ ਹੋਵੇਗਾ।
15. ਪ੍ਰਸ਼ਾਸ਼ਨਿਕ ਕਾਰਨਾਂ ਕਰਕੇ ਬੋਲੀ ਦੀ ਮਿਤੀ ਨੂੰ ਅੱਗੇ ਵਧਾਉਣ ਦਾ ਅਧਿਕਾਰ ਵੀ ਕਮੇਟੀ ਨੂੰ ਹੋਵੇਗਾ ਅਤੇ ਗਠਿਤ ਕਮੇਟੀ ਨੂੰ ਬੋਲੀ ਸਮੇਂ ਉਪਰੋਕਤ ਸ਼ਰਤਾਂ ਵਿੱਚ ਵਾਧਾ-ਘਾਟਾ ਕਰਨ ਦਾ ਪੂਰਾ ਅਧਿਕਾਰ ਹੋਵੇਗਾ।
16. ਇਸ ਖੁੱਲੀ ਬੋਲੀ ਦੀ ਸਾਰੀ ਪ੍ਰਕਿਰਿਆ ਪਾਰਦਰਸ਼ੀ ਢੰਗ ਰਾਹੀਂ ਸਮੂਹ ਹਾਜਰੀਨ ਬੋਲੀਕਾਰਾਂ ਦੀ ਹਾਜਰੀ ਵਿੱਚ ਕੀਤੀ ਜਾਵੇਗੀ ਅਤੇ ਬੋਲੀਕਾਰ ਨੂੰ ਬੋਲੀ ਸਮੇਂ ਬੋਲਣ ਦਾ ਪੂਰਾ ਅਧਿਕਾਰ ਹੋਵੇਗਾ।
17. ਵਹੀਕਲਾਂ ਦੀ ਨਿਲਾਮੀ ਸਬੰਧੀ ਜਾਣਕਾਰੀ ਲੈਣ ਲਈ ਟਰੈਫਿਕ ਪੁਲਿਸ ਹੈਲਪਲਾਇਨ ਨੰਬਰ 0181-2227296 ਪਰ ਸਪੰਰਕ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਪੁਲਿਸ,
ਇੰਨਵੈਸਟੀਗੇਸ਼ਨ, ਜਲੰਧਰ।
ਵਾਸਤੇ/ਕਮਿਸ਼ਨਰ ਪੁਲਿਸ, ਜਲੰਧਰ।